## ਦਫਤਰ ਜਿਲ੍ਹਾ ਸਿੱਖਿਆ ਅਫਸਰ(ਐ.ਸਿ) ਬਠਿੰਡਾ

ਹੁਕਮ ਨੰ. ਆਰ.ਟੀ.ਈ/()2012-13/ਮਾਨਤਾ/518
ਮਿਤੀ ਬਠਿੰਡਾ 12.01.13

ਵਿਸ਼ਾ: ਬੱਚਿਆਂ ਦੇ ਲਾਜ਼ਮੀ ਅਤੇ ਮੁਫਤ ਵਿਦਿਆ ਅਧਿਕਾਰ, ਕਾਨੂੰਨ 2009 ਦੇ ਨਿਯਮ 11 ਉਪ ਨਿਯਮ(4) ਤਹਿਤ, ਬੱਚਿਆਂ ਦੇ ਲਾਜ਼ਮੀ ਅਤੇ ਮੁਫਤ ਵਿਦਿਆ ਅਧਿਕਾਰ, ਕਾਨੂੰਨ 2009 ਦੇ ਉਦੇਸ਼ ਸੈਕਸ਼ਨ(18), ਸਕੂਲ ਲਈ ਮਾਨਤਾ ਸਰਟੀਫਿਕੇਟ।

ਸ੍ਰੀ ਮਾਨ/ਸ੍ਰੀ ਮਤੀ ਜੀ,

ਆਪ ਦੇ ਬਿਨੈ ਪੱਤਰ ਮਿਤੀ 12.10.12 ਦੇ ਹਵਾਲੇ ਇਸੇ ਲਹੇਜੇ ਵਿੱਚ ਸਕੂਲ/ਨਿਰੀਖਣ ਨਾਲ ਲਗਾਤਾਰ ਪੱਤਰ ਵਿਹਾਰ ਅਨੁਸਾਰ, ਮਿਤੀ 31.03.13 ਤੱਕ ਜਮਾਤ ਪਹਿਲੀ ਤੋਂ ਜਮਾਤ ਅੱਠਵੀਂ ਪੁਲੀਸ ਡੀ.ਏ.ਵੀ ਪਬਲਿਕ ਸਕੂਲ ਬਠਿੰਡਾ (ਸਕੂਲ ਦਾ ਨਾਂ ਅਤੇ ਪਤਾ) ਨੂੰ ਆਰਜ਼ੀ ਮਾਨਤਾ ਦਿੱਤੀ ਜਾਂਦੀ ਹੈ।

ਉਪਰੋਕਤ ਮਨਜੂਰੀ ਹੇਠ ਸ਼ਰਤਾ ਦੀ ਪੂਰਤੀ ਅਨੁਸਾਰ ਹੋਵੇਗੀ।

1. ਅੱਠਵੀਂ ਜਮਾਤ ਤੋਂ ਅੱਗੇ ਇਹ ਮਾਨਤਾ ਲਾਗੂ ਨਹੀਂ ਹੋਵੇਗੀ।
2. ਸਕੂਲ, ਬੱਚਿਆਂ ਦੇ ਲਾਜ਼ਮੀ ਅਤੇ ਮੁਫਤ ਵਿਦਿਆ ਅਧਿਕਾਰ, ਕਾਨੂੰਨ 2009, ਅਨੈਕਸਚਰ(1), ਅਤੇ ਅਨੈਕਸਚਰ(2) ਦੀਆਂ ਧਾਰਾਵਾਂ ਦੀਆਂ ਪਾਲਨਾਂ ਕਰੇਗਾ।
3. ਜਮਾਤਾਂ ਦੇ ਕੁੱਲ ਵਿਦਿਆਰਥੀਆਂ ਦੀ 25% ਅਨੁਸਾਰ ਸਕੂਲ ਆਪਣੇ ਆਲੇ-ਦੁਆਲੇ ਵਿੱਚੋਂ ਕਮਜੋਰ ਅਤੇ ਪਛੜੇ ਹੋਏ ਵਿਦਿਆਰਥੀਆਂ ਨੂੰ ਪਹਿਲੀ ਜਮਾਤ ਵਿੱਚ ਦਾਖਲ ਕਰੇਗਾ ਅਤੇ ਉਹਨਾਂ ਦੀ ਮੁਢਲੀ ਸਿੱਖਿਆ ਦੀ ਪੂਰਨਤਾ ਤੱਕ ਮੁਫਤ ਅਤੇ ਲਾਜ਼ਮੀ ਮੁਢਲੀ ਸਿੱਖਿਆ ਦੇਵੇਗਾ ਅਤੇ ਲੋੜ ਅਨੁਸਾਰ ਇਨ੍ਹਾਂ ਨਿਯਮਾਂ ਦਾ ਪਾਲਣ ਪ੍ਰੀ ਪ੍ਰਾਇਮਰੀ ਜਮਾਤਾਂ ਵਿੱਚ ਵੀ ਕਰੇਗਾ।
4. ਪੈਰਾ 3 ਵਿੱਚ ਦਰਸਾਏ ਬੱਚਿਆਂ ਸਬੰਧ,ਕਾਨੂੰਨ ਦੇ ਸੈਕਸ਼ਨ 12(2) ਅਨੁਸਾਰ ਸਕੂਲ ਦੀ ਪ੍ਰਤੀ ਪੂਰਤੀ ਕੀਤੀ ਜਾਵੇਗੀ ਅਤੇ ਇਸ ਪ੍ਰਤੀ ਪੂਰਤ ਨੂੰ ਪ੍ਰਾਪਤ ਕਰਨ ਲਈ ਸਕੂਲ ਨੂੰ ਇੱਕ ਵੱਖਰਾ ਬੈਂਕ ਖਾਤਾ ਦੇਣਾ ਪਵੇਗਾ।
5. ਸਕੂਲ ਜਾਂ ਸੰਸਥਾ ਕਿਸੇ ਕਿਸਮ ਦੀ ਕੈਪੀਟੇਸ਼ਨ ਫੀਸ ਇਕੱਠੀ ਨਹੀਂ ਕਰੇਗਾ ਅਤੇ ਬੱਚੇ ਜਾਂ ਉਸਦੇ ਮਾਤਾ-ਪਿਤਾ/ਗਾਰਡੀਅਨ ਦੀ ਇੰਟਰਵਿਊ ਨਹੀਂ ਲਵੇਗਾ।
6. ਸਕੂਲ ਵੱਲੋਂ ਹੇਠ ਲਿਖੇ ਵਿੱਚੋਂ ਦਾਖਲੇ ਲਈ ਮਨਾ ਨਹੀਂ ਕੀਤਾ ਜਾਵੇਗਾ;
   - ਜਨਮ ਤਰੀਖ ਦਾ ਸਬੂਤ ਨਾ ਹੋਣ ਦੀ ਸੂਰਤ ਵਿੱਚ;
   - ਦਾਖਲਾ ਮਿਤੀ ਤੋਂ ਬਾਅਦ ਵਧਾਏ ਸਮੇਂ ਵਿੱਚ;
   - ਧਰਮ,ਜਾਤ-ਪਾਤ,ਜਨਮ ਸਥਾਨ ਦੇ ਅਧਾਰ ਤੇ।
7. ਸਕੂਲ ਯਕੀਨੀ ਬਣਾਵੇ:
   (1) ਮੁਢਲੀ ਵਿਦਿਆ ਦੀ ਸੰਪੂਰਨਤਾ ਤੱਕ ਕੋਈ ਵੀ ਬੱਚਾ ਕਿਸੇ ਵੀ ਜਮਾਤ ਵਿੱਚ ਰੋਕਿਆ ਨਹੀਂ ਜਾਵੇਗਾ ਅਤੇ ਨਾ ਹੀ ਸਕੂਲ ਵਿੱਚ ਉਸ ਦਾ ਨਾਮ ਕਟਿਆ ਜਾਵੇਗਾ।
   (2) ਕਿਸੇ ਵੀ ਬੱਚੇ ਨੂੰ ਸਰੀਰਿਕ ਸਜ਼ਾ ਜਾਂ ਮਾਨਸਿਕ ਪਰੇਸ਼ਾਨੀ ਨਹੀਂ ਦਿੱਤੀ ਜਾਵੇਗੀ।
   (3) ਮੁਢਲੀ ਵਿਦਿਆ ਦੀ ਪੂਰਨਤਾ ਤੱਕ ਕਿਸੇ ਵੀ ਬੱਚੇ ਨੂੰ ਬੋਰਡ ਦੀ ਇਮਤਿਹਾਨ ਦੀ ਲੋੜ ਨਹੀਂ ਹੈ।
   (4) ਨਿਯਮ 23 ਵਿੱਚ ਦਰਸਾਏ ਅਨੁਸਾਰ ਹਰ ਬੱਚਾ ਜ਼ੋ ਮੁਢਲੀ ਵਿਦਿਆ ਪੂਰੀ ਕਰੇਗਾ ਉਸ ਨੂੰ ਇਸ ਦਾ ਇੱਕ ਸਰਟੀਫਿਕੇਟ ਦਿੱਤਾ ਜਾਵੇਗਾ।
   (5) ਐਕਟ ਦੀਆਂ ਧਾਰਾਵਾਂ ਅਨੁਸਾਰ ਵਿਸ਼ੇਸ ਲੋੜਾਂ ਵਾਲੇ ਬੱਚਿਆ ਨੂੰ ਸਾਮਿਲ ਕਰਨਾ।
   (6) ਇਸ ਐਕਟ ਦੇ ਸੈਕਸ਼ਨ 23(1) ਅਧੀਨ ਦਰਸਾਏ ਘੱਟੋ-ਘੱਟ ਯੋਗਤਾ ਵਾਲੇ ਅਧਿਆਪਕ ਭਰਤੀ ਕਰਨਾ ਅਤੇ ਇਸ ਐਕਟ ਦੇ ਸੁਰੂ ਹੋਣ ਵੇਲੇ ਅਗਰ ਕੋਈ ਅਧਿਆਪਕ ਘੱਟੋ-ਘੱਟ

ਯੋਗਤਾ ਨਹੀਂ ਰੱਖਦਾ ਤਾਂ ਉਸਨੂੰ ਪੰਜ ਸਾਲਾਂ ਵਿੱਚ ਇਹ ਹਾਸਲ ਕਰਨੀ ਹੋਵੇਗੀ।

(7) ਅਧਿਆਪਕ ਵੱਲੋਂ ਇਸ ਐਕਟ ਦੇ ਸੈਕਸ਼ਨ 24(1) ਵਿੱਚ ਦਰਸਾਈਆਂ ਡਿਊਟੀਆਂ ਕਰਨਾ।

(8) ਅਧਿਆਪਕ ਕਿਸੇ ਵੀ ਕਿਸਮ ਦੀਆਂ ਪ੍ਰਾਈਵੇਟ ਅਧਿਆਪਨ ਕਿਰਿਆਵਾਂ ਵਿੱਚ ਸ਼ਾਮਲ ਨਹੀਂ ਹੋਵਗਾ। ਢੁਕਵੀਂ ਅਥਾਰਟੀ ਵੱਲੋਂ ਬਣਾਏ ਪਾਠਕ੍ਰਮ ਦੇ ਅਧਾਰਿਤ ਸਕੂਲ ਵੱਲੋਂ ਕਰਵਾਇਆ ਜਾਵੇਗਾ।

(9) ਐਕਟ ਦੇ ਸੈਕਸ਼ਨ 19 ਵਿੱਚ ਦਰਸਾਏ, ਅਨੁਸਾਰ ਸਕੂਲ ਆਪਣਾ ਪੱਧਰ ਅਤੇ ਨਿਯਮ ਬਰਕਰਾਰ ਰੱਖੇਗਾ।

(10) ਸਕੂਲ ਦੇ ਅੰਦਰ ਗੈਰਮਾਨਤਾ ਪ੍ਰਾਪਤ ਜਮਾਤ ਨਹੀਂ ਚਲਣਗੀਆਂ ਅਤੇ ਨਾ ਹੀ ਸਕੂਲ ਦੇ ਨਾਮ ਤੇ ਸਕੂਲ ਤੋਂ ਬਾਹਰ।

(11) ਸਕੂਲ ਦੀ ਬਿਲਡਿੰਗ ਜਾਂ ਹੋਰ ਉਸਾਰੀ ਜਾਂ ਖੇਡ ਮੈਦਾਨ ਸਿੱਖਿਆ ਦੇ ਉਦੇਸ਼ ਲਈ ਹੀ ਵਰਤੇ ਜਾਣਗੇ।

(12) ਸੰਸਥਾਵਾਂ ਰਜਿਸਟ੍ਰੇਸ਼ਨ ਐਕਟ 1860(21 ਆਫ 1960) ਅਧੀਨ ਜਾਂ ਲੋਕ ਹਿੱਤ ਬਣੇ ਉਸ ਸਮੇਂ ਦੇ ਕਾਨੂੰਨ ਅਧੀਨ ਰਜਿਸਟਰਡ ਸੰਸਥਾਵਾਂ ਵੱਲੋਂ ਸਕੂਲ ਚਲਾਇਆ ਜਾਂਦਾ ਹੋਵੇ।

(13) ਸਕੂਲ ਕਿਸੇ ਵੀ ਇੱਕ ਵਿਅਕਤੀ, ਗਰੁੱਪ ਜਾਂ ਐਸੋਸੀਏਸ਼ਨ ਜਾਂ ਕਿਸੇ ਹੋਰ ਵਿਅਕਤੀ ਦੇ ਮੁਨਾਫੇ ਲਈ ਨਹੀਂ ਚਲ ਰਿਹਾ।

(14) ਨਿਯਮਾਂ ਅਨੁਸਾਰ ਖਾਤਿਆ ਦੀ ਸਹੀ ਸਟੇਟਮੈਂਟ ਬਣਾਈ ਜਾਵੇ। ਸੀ.ਏ ਵੱਲੋਂ ਅਕਾਉਂਟ ਆਡਿਟ ਅਤੇ ਤਸਦੀਕ ਕੀਤਾ ਜਾਵੇ। ਹਰੇਕ ਅਕਾਂਉਂਟ ਦੀ ਕਾਪੀ ਡੀ.ਈ.ਓ ਨੂੰ ਹਰ ਸਾਲ ਭੇਜਿਆ ਜਾਵੇ।

(15) ਤੁਹਾਡੇ ਸਕੂਲ ਨੂੰ ਦਿੱਤਾ ਗਿਆ ਮਾਨਤਾ ਨੰ: **ਆਰ.ਟੀ.ਈ/()2012-13/ਮਾਨਤਾ/518 ਮਿਤੀ ਬਠਿੰਡਾ** 12.01.13 ਹੈ। ਇਸ ਨੰਬਰ ਨੂੰ ਸਾਡੇ ਦਫਤਰ ਨਾਲ ਅਗਲੇਰੀ ਗੱਲਬਾਤ ਲਈ ਵਰਤਿਆ ਜਾਵੇ।

(16) ਸਕੂਲ ਜਿਲ੍ਹਾ ਸਿੱਖਿਆ ਅਫਸਰ/ਡਾਇਰੈਕਟਰ ਆਫ ਐਜੂਕੇਸ਼ਨ ਵੱਲੋਂ ਸਮੇਂ ਸਮੇਂ ਲੋੜੀਂਦੀਆਂ ਰਿਪੋਰਟਾਂ ਅਤੇ ਜਾਣਕਾਰੀ ਦੇਵੇਗਾ ਅਤੇ ਸਕੂਲ ਦੇ ਕੰਮਾਂ ਵਿੱਚ ਘਾਟਾਂ ਨੂੰ ਕੱਢਣ ਜਾਂ ਰਾਜ ਸਰਕਾਰ/ਸਥਾਨਕ ਅਥਾਰਟੀ ਵੱਲੋਂ ਜਾਰੀ ਮਾਲਤਾ ਦੀ ਪੂਰਨਤਾ ਨੂੰ ਜਾਰੀ ਰੱਖਣ ਸਬੰਧੀ ਸ਼ਰਤਾਂ ਨੂੰ ਮੰਨੇਗਾ।

(17) ਸੰਸਥਾ ਦੇ ਰਜਿਸਟ੍ਰੇਸ਼ਨ ਨੂੰ ਨਵਿਆਉਣਾ, ਜੇ ਕੋਈ ਹੈ।

(18) ਅਨੈਕਸਚਰ 3 ਅਨੁਸਾਰ ਹੋਰ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ, ਜ਼ੋ ਮਿਤੀ 31.3.2013 ਤੱਕ ਪੂਰੀਆਂ ਕਰਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ।

1. ਸਰਕਾਰੀ ਰੇਟਾਂ ਮੁਤਾਬਿਕ ਤਨਖਾਹ ਵੰਡ ਨਹੀਂ ਦਿੱਤੀ ਜਾਂਦੀ ਹੈ।
2. ਦਰਾਂ ਅਨੁਸਾਰ ਫੀਸ ਨਹੀਂ ਵਸੂਲੀ ਜਾ ਰਹੀ ਹੈ।
3. ਜਿਲ੍ਹਾ ਸਿੱਖਿਆ ਅਫਸਰ ਕਮੇਟੀ ਦਾ ਮੈਂਬਰ ਨਹੀਂ ਹੈ।

26/3/13

ਜਿਲ੍ਹਾ ਸਿੱਖਿਆ ਅਫਸਰ(ਐ.ਸਿ)
ਬਠਿੰਡਾ।